**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ**
**ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ:0172- 2623207, 2620106**
**ਫੈਕਸ:0172-2624687** ਈ-ਮੇਲssapunjab@yahoo.com

ਵੱਲ

ਸਮੂਹ ਸੈਂਟਰ ਹੈਡ ਟੀਚਰ
ਪੰਜਾਬ (ਵੈੱਬਸਾਇਟ ਰਾਹੀਂ)

ਮੀਮੋ ਨੰ. ਏ.ਐਸ.ਪੀ.ਡੀ/ਮੀਡੀਆ/2010/47284
ਮਿਤੀ ਚੰਡੀਗੜ੍ਹ 21.07.2010

**ਵਿਸ਼ਾ:- ਸੈਂਟਰ ਹੈਡ ਟੀਚਰ ਦੁਆਰਾ ਸਕੂਲਾਂ ਦੀ ਸਮੁੱਚੀ ਜ਼ਿਮੇਵਾਰੀ ਸਬੰਧੀ।**
**ਹਵਾਲਾ: ਏ.ਐਸ.ਪੀ.ਡੀ/ਮੀਡੀਆ/2010/44781 ਮਿਤੀ ਚੰਡੀਗੜ੍ਹ 1.7.2010**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਪੰਜਾਬ ਸਰਕਾਰ ਦੁਆਰਾ ਪੰਜਾਬ ਦੇ ਸਰਕਾਰੀ ਸਕੂਲਾਂ ਅੰਦਰ ਪੜ੍ਹੋ ਪੰਜਾਬ ਪ੍ਰੋਗਰਾਮ ਬੱਚਿਆਂ ਦੇ ਸਿੱਖਣ ਪੱਧਰ ਨੂੰ ਉੱਚਾ ਚੁੱਕਣ ਲਈ ਚਲਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਸਕੂਲ ਸਿੱਖਿਆ ਵਿਭਾਗ ਦੇ ਵੱਖ-ਵੱਖ ਕੰਮ ਜਿਵੇਂ ਅਧਿਆਪਕਾਂ ਦੀ ਹਾਜ਼ਰੀ, ਬੱਚਿਆਂ ਦੀ ਹਾਜ਼ਰੀ, ਅਧਿਆਪਕ ਡਾਇਰੀਆਂ ਨੂੰ ਮੁਕੰਮਲ ਕਰਨਾ, ਵਿੱਦਿਅਕ ਕੈਲੰਡਰ ਅਨੁਸਾਰ ਕੰਮ ਕਰਵਾਉਣਾ, ਬਾਲ ਸਭਾਵਾਂ, ਰੀਡਿੰਗ ਸੈਲ ਆਦਿ ਪੱਖੋਂ ਸਿੱਖਿਆ ਦੀ ਗੁੱਣਵਤਾ ਅਤੇ ਸਿੱਖਿਆ ਦੀ ਬਿਹਤਰੀ ਲਈ ਵਿਸ਼ੇਸ਼ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ। ਪਰ ਇਹਨਾਂ ਕ੍ਰਿਆਵਾਂ ਦਾ ਆਪ ਅਤੇ ਆਪਣੇ ਪੱਧਰ ਤੇ ਆਪਣੇ ਸਟਾਫ਼ ਤੋਂ ਇਸ ਦਾ ਪਾਲਣ ਕਰਵਾਉਣਾ ਵੀ ਜ਼ਰੂਰੀ ਬਣਦਾ ਹੈ।

3.0 ਦਫ਼ਤਰ ਦੇ ਧਿਆਨ ਵਿਚ ਇਹ ਵੀ ਆਇਆ ਹੈ ਕਿ ਕਈ ਵਾਰ ਸੈਂਟਰ ਹੈਡ ਟੀਚਰ ਜਾਂ ਤਾਂ ਜਮਾਤ ਲੈਂਦੇ ਨਹੀਂ ਹਨ ਜਾਂ ਫਿਰ ਜਿਹੜੇ ਜਮਾਤ ਲੈਂਦੇ ਹਨ ਉਹ ਸਿਰਫ਼ ਆਪਣੀ ਜਮਾਤ ਦੇ ਚੰਗੇ ਨਤੀਜਿਆਂ ਬਾਰੇ ਹੀ ਸੋਚਦੇ ਹਨ।ਪਰ ਸਿੱਖਿਆ ਸੁਧਾਰਾਂ ਅਤੇ ਸਕੂਲ ਪ੍ਰਬੰਧ ਨੂੰ ਸੁਚਾਰੂ ਤਰੀਕੇ ਨਾਲ ਚਲਾਉਣ ਦੀ ਸੈਂਟਰ ਹੈਡ ਟੀਚਰ ਦੀ ਬਹੁਤ ਵੱਡੀ ਜ਼ਿਮੇਵਾਰੀ ਹੈ। ਸੋ ਅੱਗੇ ਤੋਂ ਹਰੇਕ ਸੀ.ਐਚ.ਟੀ. ਆਪਣੀ ਜਮਾਤ ਦੇ ਨਤੀਜਿਆਂ ਦੇ ਸੁਧਾਰ ਦੇ ਨਾਲ ਨਾਲ ਸਕੂਲ ਦੀ ਸਮੁੱਚੇ ਨਤੀਜਿਆਂ, ਸਮੁੱਚੇ ਕੰਮਾਂ ਅਤੇ ਸਿੱਖਿਆ ਸੁਧਾਰਾਂ ਲਈ ਪੂਰੀ ਜ਼ਿੰਮੇਵਾਰੀ ਨਾਲ ਕੰਮ ਕਰਨਗੇ। ਅਤੇ ਆਪਣੇ ਸਕੂਲ, ਕਲੱਸਟਰ ਦੇ ਸਮੁੱਚੇ ਕੰਮਾਂ ਲਈ ਜਵਾਬਦੇਹ ਹੋਣਗੇ।

4.0 ਹੁਕਮਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ ਜੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠਅੰਕਣ ਨੰ. ਉਕਤ/47285 ਮਿਤੀ: 21.07.2010

(1) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) , ਪੰਜਾਬ ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**